Unique Paper Code : 52121125

Name of Paper : Punjabi Novel, Drama & Functional Punjabi

Name of Course : B.Com. (Prog.)

Semester : I A

Duration : : 3 hours

Maximum Marks : 75

*(Write your Roll No. on the top immediately on receipt of this question paper.)*

**ਨੋਟ : ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।**

**ਭਾਗ ਪਹਿਲਾ**

1. 'ਅਲਾਰਮ ਕਲਾਕ' ਨਾਵਲ ਵਿਚਲੀ ਪਰਵਾਸੀ ਚੇਤਨਾ ਬਾਰੇ ਜਾਣਕਾਰੀ ਦਿਉ। 10

ਜਾਂ

ਨਾਵਲ 'ਅਲਾਰਮ ਕਲਾਕ' ਵਿਚ ਪੇਸ਼ ਰਿਸ਼ਤਿਆਂ ਦੀਆਂ ਤਨਾਓਸ਼ੀਲ ਸਥਿਤੀਆਂ ਬਾਰੇ ਚਰਚਾ ਕਰੋ।

2. ਨਾਵਲ 'ਅਲਾਰਮ ਕਲਾਕ' ਦਾ ਆਲੋਚਨਾਤਮਕ ਸਾਰ ਲਿਖੋ। 15

ਜਾਂ

'ਅਲਾਰਮ ਕਲਾਕ' ਦੀਆਂ ਬਿਰਤਾਂਤਕ ਵਿਧੀਆਂ ਬਾਰੇ ਵਿਸਥਾਰ ਨਾਲ ਚਰਚਾ ਕਰੋ।

**ਭਾਗ ਦੂਜਾ**

3. ਕੀ ਨਾਟਕ 'ਕਾਮਾਗਾਟਾ ਮਾਰੂ' ਨਸਲੀ ਭੇਦ-ਭਾਵ ਨਾਲ ਸੰਬੰਧਤ ਹੈ, ਚਰਚਾ ਕਰੋ। 15

ਜਾਂ

ਨਾਟਕ 'ਕਾਮਾਗਾਟਾ ਮਾਰੂ' ਦਾ ਸੰਖੇਪ ਸਾਰ ਦੱਸਦਿਆਂ ਇਸ ਦੇ ਰਾਜਨੀਤਕ ਅਤੇ ਇਤਿਹਾਸਕ ਕਾਰਨਾਂ ਨੂੰ ਆਪਣੀ ਚਰਚਾ ਦਾ ਕੇਂਦਰ ਬਣਾਓ।

4. ਨਾਟਕ 'ਕਾਮਾਗਾਟਾ ਮਾਰੂ' ਵਿਚਲੇ ਪਾਤਰ ਬਾਬਾ ਗੁਰਦਿੱਤ ਸਿੰਘ ਦਾ ਚਰਿੱਤਰ-ਚਿੱਤਰਣ ਲਿਖੋ। 10

ਜਾਂ

'ਕਾਮਾਗਾਟਾ ਮਾਰੂ' ਨਾਟਕ ਦੇ ਆਧਾਰ 'ਤੇ ਅਜਮੇਰ ਰੋਡੇ ਦੀ ਨਾਟਕ-ਕਲਾ ਬਾਰੇ ਚਰਚਾ ਕਰੋ।

**ਭਾਗ ਤੀਜਾ**

5. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ : 05

ਔਰਤ, ਪਿਤਾ, ਅਧਿਆਪਕ, ਸ਼ੇਰ, ਡਾਕਟਰ, ਪਟਵਾਰੀ, ਸਰਦਾਰ

ਜਾਂ

ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :

ਖੁਸ਼ਬੋ, ਰਾਜਾ, ਕਿਤਾਬ, ਮਿਸਤਰੀ, ਕਲਮ, ਕੰਧ, ਚਰਖਾ

6. ਕੋਈ ਪੰਜ ਲਗਾਂ ਦੇ ਨਾਂ, ਚਿੰਨ੍ਹ, ਉਦਾਹਰਨ ਸਹਿਤ ਲਿਖੋ। 05

7. ਹੇਠ ਲਿਖੇ ਅੰਗ੍ਰੇਜ਼ੀ ਸ਼ਬਦਾਂ ਦਾ ਪੰਜਾਬੀ ਅਨੁਵਾਦ ਕਰੋ : 05

Literature, Stage, Scholars, Traders, Vision, Medieval, Structure

8. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰ ਕੇ ਲਿਖੋ ਤੇ ਇਸ ਦਾ ਢੁੱਕਵਾਂ ਸਿਰਲੇਖ ਵੀ ਦਿਉ : 10

ਔਰਤਾਂ ਵਾਸਤੇ ਕਿੱਤੇ ਦੀ ਚੋਣ ਇਕ ਵਿਵਾਦ-ਗ੍ਰਸਤ ਵਿਸ਼ਾ ਹੈ। ਉਹ ਮਨੁੱਖੀ ਸਰਗਰਮੀ ਦੇ ਲਗਪਗ ਹਰ ਖੇਤਰ, ਜਿਵੇਂ ਕਿ ਸਿੱਖਿਆ, ਰਾਜਨੀਤੀ, ਪੱਤਰਕਾਰੀ, ਵਿਗਿਆਨ, ਪ੍ਰਸ਼ਾਸਨ, ਕਾਨੂੰਨ, ਡਾਕਟਰੀ ਕਿੱਤਾ ਆਦਿ ਵਿਚ ਆ ਗਈਆਂ ਹਨ।



P.T.O.

ਉਹਨਾਂ ਦੀ ਹਾਲਤ ਪੁਰਾਤਨ ਸਮੇਂ ਨਾਲੋਂ ਬਹੁਤ ਬਦਲ ਗਈ ਹੈ। ਉਹ ਨਵੇਂ ਕਿੱਤੇ (ਧੰਦੇ) ਅਪਣਾ ਕੇ ਆਰਥਕ ਤੌਰ 'ਤੇ ਸੁਤੰਤਰ ਹੋ ਰਹੀਆਂ ਹਨ। ਅੱਜ ਦੇ ਭਾਰਤ ਵਿਚ ਨਾਰੀ ਨਾ ਤੇ ਘਰ ਦੀ ਨੌਕਰਾਣੀ ਹੈ ਅਤੇ ਨਾ ਹੀ ਡਰਾਇੰਗ ਰੂਮ ਦੀ ਸਜਾਵਟ ਦਾ ਸਾਧਨ। ਇਹ ਕਹਿਣਾ ਗ਼ਲਤ ਹੈ ਕਿ ਮਰਦ ਦਾ ਕੰਮ ਸਿਰਫ਼ ਤਲਵਾਰ ਚਲਾਉਣਾ ਹੈ ਅਤੇ ਔਰਤ ਦਾ ਸੂਈ ਚਲਾਉਣਾ, ਜਾਂ ਮਰਦ ਬਾਹਰਲੇ ਕੰਮਾਂ ਵਾਸਤੇ ਹੈ ਅਤੇ ਇਸਤਰੀ ਘਰ ਵਾਸਤੇ। ਅਜ਼ਾਦੀ ਦੀ ਪ੍ਰਾਪਤੀ ਦੇ ਨਾਲ ਔਰਤਾਂ ਵਿਚ ਜਾਗ੍ਰਤੀ ਆਈ ਹੈ। ਸਾਡੇ ਸੰਵਿਧਾਨ ਨੇ ਉਹਨਾਂ ਨੂੰ ਮਰਦਾਂ ਦੇ ਬਰਾਬਰ ਮੌਕੇ ਅਤੇ ਹੱਕ ਦਿੱਤੇ ਹਨ। ਉਹ ਦਫ਼ਤਰਾਂ, ਫ਼ੈਕਟਰੀਆਂ, ਮਿੱਲਾਂ, ਹਸਪਤਾਲਾਂ, ਸਕੂਲਾਂ, ਕਾਲਜਾਂ, ਵਪਾਰਕ ਕੇਂਦਰਾਂ ਵਿਚ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ।